Journal of East-West Thought
ISSN: *2168-2259 (online)*
(*https://jetjournal.us/*)
Volume 15, Issue 1 – 2025

UGC CARE I

# ਤੁਲਨਾਤਮਿਕ ਅਧਿਐਨ ਵਿਧੀ ਦਾ ਸਿਧਾਂਤਕ ਪਰਿਪੇਖ

**ਪ੍ਰੇਮ ਲਤਾ : ਰਿਸਰਚ, ਸਕੋਲਰ, ਦੇਸ਼ ਭਗਤ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ**

**ਗੁਰਵਿੰਦਰ ਕੌਰ : ਨਿਗਰਾਨ, ਅਸਿਸਟੈਂਟ ਪ੍ਰੋਫੈਸਰ, ਦੇਸ਼ ਭਗਤ ਯੂਨੀਵਰਸਿਟੀ, ਮੰਡੀ, ਗੋਬਿੰਦਗੜ੍ਹ**

ਮਨੁੱਖ ਸੰਸਾਰ ਵਿਚ ਸਰਵੋਤਮ ਪ੍ਰਾਣੀ ਹੈ। ਇਹ ਗੱਲ ਭਾਰਤੀ ਅਤੇ ਪੱਛਮੀ ਦਰਸ਼ਨ ਵਿੱਚ ਲਿਖੀ ਮਿਲਦੀ ਹੈ। ਮਨੁੱਖ ਦਾ ਮਨੁੱਖਤਾ ਲਈ ਪਿਆਰ ਸਦੀਵੀ ਹੈ। ਅੱਜ ਦੇ ਮਸ਼ੀਨੀ ਯੁੱਗ ਵਿੱਚ ਇਸ ਰਿਸ਼ਤੇ ਦਾ ਮਹੱਤਵ ਉਸੇ ਤਰ੍ਹਾਂ ਕਾਇਮ ਹੈ। ਜਿਸ ਤਰ੍ਹਾਂ ਪੁਰਾਤਨ ਸਮੇਂ ਤੋਂ ਲੈਕੇ ਅੱਜ ਦੇ ਸਮਕਾਲੀ ਮਸ਼ੀਨੀ ਯੁੱਗ ਵਿਚ ਕਾਇਮ ਹੈ। ਕਿਸੇ ਸਮਾਜ ਜਾਂ ਸਮਾਜਿਕ ਪ੍ਰਣਾਲੀ ਨੂੰ ਦੂਜੇ ਸਮਾਜਾਂ ਜਾਂ ਪ੍ਰਣਾਲੀਆਂ ਨਾਲ ਤੁਲਨਾਤਮਿਕ ਅਧਿਐਨ ਕੀਤੇ ਬਿਨਾਂ ਪੂਰੀ ਤਰ੍ਹਾਂ ਸਮਝਿਆ ਨਹੀਂ ਜਾ ਸਕਦਾ । ਤੁਲਨਾ ਕਰਨਾ ਮਾਨਵੀ ਮੰਨ ਦਾ ਇਕ ਸਹਿਜ ਕਰਮ ਮੰਨਿਆ ਗਿਆ ਹੈ I ਇਹ ਰੁਚੀ ਮਾਨਵੀ ਮੰਨ ਵਿੱਚ ਸੁਭਾਵਿਕ ਹੀ ਵਾਪਰਦਾ ਰਹਿੰਦਾ ਹੈ I ਮਾਨਵ ਸ਼ੁਰੂ ਤੋਂ ਹੀ ਤੁਲਨਾ ਕਰਕੇ ਨਵੇਂ ਗਿਆਨ ਦੀ ਸਥਾਪਨਾ ਕਰਦਾ ਆਇਆ ਹੈ ਤੁਲਨਾਤਮਿਕ ਅਧਿਐਨ ਆਧੁਨਿਕ ਚਿੰਤਨ ਦੀ ਦੇਣ ਹੈ I, ਜਿਸ ਵਿੱਚ ਸਾਹਿਤਕਾਰ ਆਪਣੇ ਬਹੁਪੱਖੀ ਅਤੇ ਬਹੁਪਸਾਰੀ ਜੀਵਨ ਅਨੁਭਵਾਂ ਨੂੰ ਮੂਰਤੀਮਾਨ ਕਰਦਾ ਹੋਇਆ ਨਵੇਂ ਆਰਥਿਕ ਸਿਰਜਣ ਦਾ ਯਤਨ ਕਰਦਾ ਰਹਿੰਦਾ ਹੈ I

## ਤੁਲਨਾਤਮਿਕ ਅਧਿਐਨ:-

ਸਾਹਿਤ – ਅਧਿਐਨ ਦੇ ਖੇਤਰ ਵਿਚ "ਤੁਲਨਾਤਮਿਕ ਅਧਿਐਨ" ਅਜੋਕੇ ਦੌਰ ਦਾ ਮਹੱਤਵਪੂਰਨ ਅਕਾਦਮਿਕ ਅਨੁਸ਼ਾਸਨ ਹੈ। ਇਹ ਅਧਿਐਨ ਵਿਧੀ ਭਾਵੇਂ ਵੀਹਵੀਂ ਸਦੀ ਵਿਚ ਸਿਧਾਂਤਕ ਰੂਪ ਗ੍ਰਹਿਣ ਕਰਦੀ ਹੈ ਪਰੰਤੂ ਇਕ ਪਰੰਪਰਾ ਵਜੋਂ ਤੁਲਨਾਤਮਿਕ ਦ੍ਰਿਸ਼ਟੀ ਤੋਂ ਸਾਹਿਤ ਦੇ ਅਧਿਐਨ ਅਤੇ ਸੰਪਾਦਨ ਦੀ ਪ੍ਰਕਿਰਿਆ ਮੱਧਕਾਲ ਤੋਂ ਸ਼ੁਰੂ ਹੋ ਗਈ ਸੀ।

## ਪ੍ਰਸਿੱਧ ਕੋਸ਼ਕਾਰੀ ਦੇ ਅਧਾਰ ਤੇ ਤੁਲਨਾ ਦਾ ਅਰਥ ;-

"ਤੁਲਨਾਤਮਿਕ ਅਧਿਐਨ" ( Comparative study) ਦੋ ਸ਼ਬਦਾਂ ਦਾ ਸਮੂਹ ਹੈ। ਇਕ ਹੈ "ਤੁਲਨਾਤਮਿਕ " ਅਤੇ ਦੂਜਾ ਹੈ "ਅਧਿਐਨ"। ਤੁਲਨਾਤਮਿਕ ਸ਼ਬਦ ਦਾ ਮੂਲ ਸ਼ਬਦ "ਤੁਲਨਾ" ਹੈ।ਤੁਲਨਾ ਦਾ ਮੂਲ ਧਾਤੂ –"ਤਲ" ਜਾਂ 'ਤੋਲਨਾ' ਹੈ।'ਤੁਲ' ਦਾ ਅਰਥ ਹੈ -ਤੋਲ ਸਾਵਾਂ ਕਰਨਾ। ਤੁਲਨਾ' ਦਾ ਅਰਥ ਹੈ- ਬਰਾਬਰੀ ਕਰਨਾ, ਸਮਾਨਤਾ ਜਾਂ ਟਾਕਰਾ ਕਰਨਾ। ਤੁਲਨਾਤਮਿਕ

ਸ਼ਬਦ ਦਾ ਅਰਥ ਹੈ – ਤੁਲਨਾ ਸੰਬੰਧੀ ,ਤੁਲਨਾ ਦਾ ਟਕਰਾਵਾਂ।"(1)


Copyright © | JET Network, All Rights Reserved

Journal of East-West Thought
ISSN: *2168-2259 (online)*
*(https://jetjournal.us/)*
Volume 15, Issue 1 – 2025



"ਭਾਸ਼ਾ ਵਿਭਾਗ ਪਟਿਆਲਾ ਦੁਆਰਾ ਪ੍ਰਕਾਸ਼ਿਤ ਪੰਜਾਬੀ ਕੋਸ਼ ਵਿੱਚ ਤੁਲ ਧਾਤੂ ਦਾ ਅਰਥ ਸਮਾਨ ਅਤੇ ਬਰਾਬਰੀ ਹੈ" (2)

ਪ੍ਰਮਾਣਿਕ ਹਿੰਦੀ ਕੋਸ਼ ਅਨੁਸਾਰ,

"ਤੁਲਨਾਤਮਕ ਸਾਹਿਤ ਉਹ ਸਾਹਿਤ ਜਾਂ ਵਸਤੂ ਹੈ , ਜਿਸ ਵਿੱਚ ਭਿੰਨ – ਭਿੰਨ ਤਰ੍ਹਾਂ ਦੇ ਵਿਚਾਰਾਂ ਤੋਂ ਇਲਾਵਾ ਕਿਸੇ ਦੇ ਨਾਲ ਹੋ ਸਕਣ ਵਾਲੀ ਤੁਲਨਾ ਦਾ ਵੀ ਵਿਚਾਰ ਹੋਵੇ"। (3)

ਮਾਨਕ ਹਿੰਦੀ ਕੋਸ਼ ਅਨੁਸਾਰ,

"ਤੁਲਨਾਤਮਕ ਉਹ ਹੈ ਜਿਸ ਵਿੱਚ ਦੋ ਜਾਂ ਦੋ ਤੋਂ ਜਿਆਦਾ ਵਸਤੂਆਂ ਦੇ ਗੁਣਾ ਦੀ ਸਮਾਨਤਾ ਅਤੇ ਅਸਮਾਨਤਾ ਦਿਖਾਈ ਗਈ ਹੋਵੇ ਅਤੇ ਕਿਸੇ ਨਾਲ ਤੁਲਨਾ ਕਰਦੇ ਹੋਏ ਵਿਚਾਰ ਕੀਤਾ ਗਿਆ ਹੋਵੇ"| (4)

ਅਕਸਫੋਰਡ ਇੰਗਲਿਸ਼ ਡਿਕਸ਼ਨਰੀ ਅਨੁਸਾਰ,

"ਤੁਲਨਾ ਕਿਸੇ ਦੋ ਜਾਂ ਦੋ ਤੋਂ ਵੱਧ ਵਸਤੂਆਂ ਦੀਆਂ ਸਮਾਨਤਾਵਾਂ ਅਤੇ ਵੱਖਰਤਾਵਾਂ ਨੂੰ ਘੋਖਣ ਜਾਂ ਤੋਲਣ ਦੀ ਪ੍ਰਕਿਰਿਆ ਹੁੰਦੀ ਹੈ"| (5)

ਵਿਸ਼ਵ ਪ੍ਰਸਿੱਧ ਕੋਸਾਕਰ ਵੈਬਸਟਰ ਵਿੱਚ,

"ਤੁਲਨਾ ਡਾ ਅਰਥ ਮਨੁੱਖਾਂ ਜਾਂ ਵਸਤੂਆਂ ਸਮਾਨਤਾਵਾਂ ਜਾਂ ਅਸਮਾਨਤਾਵਾਂ ਡਾ ਅਨੁਮਾਨ ਲਗਾ ਕੇ ਉਹਨਾਂ ਵਿੱਚ ਸਬੰਧ ਸਥਾਪਿਤ ਕਰਨਾ ਹੈ"|(6)

**ਤੁਲਨਾ ਦੀਆਂ ਕਿਸਮਾਂ :-**

**ਕਿਉਂਕਿ ਤੁਲਨਾ ਇਕ ਮਾਨਵੀ ਵਰਤਾਰਾ ਹੈ, ਇਸ ਲਈ ਇਨ੍ਹਾਂ ਨੂੰ ਅਸੀਂ ਵੱਖਰੀ - ਵੱਖਰੀ ਕਿਸਮ ਦੇ ਤੌਰ ਤੇ ਸਾਰਣੀ ਦੇ**


**ਰੂਪ ਵਿੱਚ ਪੇਸ਼ ਕਰਦੇ ਹਾਂ ਇਸ ਨੂੰ ਦੋ ਪ੍ਰਕਾਰ ਨਾਲ ਵਾਚਿਆਂ ਜਾਂ ਸਕਦਾ ਹੈ :-**


Copyright © | JET Network, All Rights Reserved

Journal of East-West Thought
ISSN: *2168-2259 (online)*
(*https://jetjournal.us/*)
Volume 15, Issue 1 – 2025

JOURNAL OF EAST-WEST THOUGHT

UGC CARE I




**ਭਾਸ਼ਾਈ ਸੀਮਾ ਦੇ ਆਰ -ਪਾਰ ਦੀ ਤੁਲਨਾ :-**

ਇਸ ਤੁਲਨਾ ਲਈ ਅਸੀਂ ਭਾਰਤ ਦੀ ਉਦਾਹਰਣ ਲੈ ਸਕਦੇ ਹਾਂ ਜਦੋਂ ਭਾਸ਼ਾਈ ਖ਼ੋਜ ਕਾਰਜ ਆਰੰਭ ਹੋਇਆ ਤਾਂ ਵੱਖ - ਵੱਖ ਭਾਸ਼ਾਵਾਂ ਦੇ ਸਮਾਨ ਅਤੇ ਅਸਮਾਨ ਗੁਣਾਂ ਤੇ ਚਰਚਾ ਆਰੰਭ ਹੋਈ ਜਿਨ੍ਹਾਂ ਵਿੱਚੋਂ ਭਾਰਤ ਇਕ ਰਾਸ਼ਟਰ ਵਜੋਂ ਉਭਰਿਆ, ਜਿਸ ਵਿੱਚ ਬਹੁ-ਖੇਤਰੀ ਅਤੇ ਬਹੁ -ਭਾਸ਼ਾਈ ਰਾਜ ਵਿਕਸਿਤ ਹੋਏ ਉਸ ਸਮੇਂ ਜੋ ਵਿਆਕਰਣ ਦੀਆਂ ਕਿਤਾਬਾਂ ਸਾਮ੍ਹਣੇ ਆਇਆ ਜਿਨ੍ਹਾਂ ਵਿੱਚੋਂ **ਰਾਬਰਟ ਕਾਲਡਵੇਲਸਲ** (Robert Caldwelesl) **ਪੁਸਤਕ ਕਮਪੈਰੇਟਿਵ ਗ੍ਰਾਮਰ ਆਫ ਦਰਾਵੜੀ ਆਰ ਸਾਊਥ ਇੰਡੀਅਨ ਫੈਮਿਲੀ ਆਫ ਲਗਵੇਜਿਜ਼** (A Comparative Grammar of the Dravidian or South Indian Family of Language) 1856 **ਅਤੇ ਜਾਨ ਬੀਮਾ** (Johan Beame) **ਦੀ ਪੁਸਤਕ ਏ ਕਮਪੈਰੇਟਿਵ ਗਰਾਮਰ ਆਫ ਡਾ ਮਾਡਰਨ ਆਰੀਅਨ ਲਗਵੇਜਿਜ਼ ਆਫ ਇੰਡੀਆ** (A Comparative Grammar of the Modern Aryan Languages of India. 1872) **ਪ੍ਰਮੁੱਖ ਹਨ |**

**ਰਾਸ਼ਟਰੀ ਸੀਮਾ ਦੇ ਆਰ -ਪਾਰ ਦੀ ਤੁਲਨਾ :-**

ਜਦੋਂ ਕਿਸੇ ਰਾਸ਼ਟਰ ਡਾ ਸਾਹਿਤ ਸੀਮਾ ਪਾਰ ਕਰਕੇ ਦੂਜੇ ਰਾਸ਼ਟਰ ਵਿੱਚ ਪਹੁੰਚਣ ਲਗਦਾ ਹੈ ਤਾਂ ਸਥਾਨਕ ਸਾਹਿਤ ਅਤੇ ਬਾਹਰੀ ਸਾਹਿਤ ਦੀ ਤੁਲਨਾ ਸੁਭਾਵਿਕ ਹੀ ਲੋਕਾਂ ਦੇ ਮਨਾ ਵਿੱਚ ਆਉਣੀ ਸ਼ੁਰੂ ਹੋ ਜਾਂਦੀ ਹੈ, ਜਿੱਥੇ ਅਨੁਵਾਦ ਸਾਹਿਤ ਤੇਜੀ ਨਾਲ ਵੱਧਣ ਲਗਦਾ ਹੈ ਉੱਥੇ ਸਿੱਟੇ ਵਜੋਂ ਤੁਲਨਾਤਮਿਕ ਸਾਹਿਤ ਆਪਣੇ ਪੈਰ ਪੱਕੇ ਕਰਨ ਲਗਦਾ ਹੈ, ਜਿਸ ਨਾਲ ਉਹ ਭਾਸ਼ਾਈ ਸੀਮਾ ਤੋਂ ਪਾਰ ਜਾ ਕੇ ਦੂਸਰੀਆਂ ਭਾਸ਼ਾਵਾਂ ਅਤੇ ਰਾਸ਼ਟਰ ਨੂੰ ਆਪਣੇ ਰਾਸ਼ਟਰ ਨਾਲ ਜੋੜਨ


Copyright © | JET Network, All Rights Reserved

Journal of East-West Thought
ISSN: *2168-2259 (online)*
*([https://jetjournal.us/](https://jetjournal.us/))*
Volume 15, Issue 1 – 2025



ਡਾ ਪ੍ਰਯਤਨ ਕਰਨ ਲਗਦਾ ਹੈ, ਜਿਸ ਦੇ ਸਿੱਟੇ ਵਜੋਂ ਸੰਸਾਰ ਪ੍ਰਸਿੱਧ ਪੁਸਤਕਾਂ ਦਾ ਹੋਰ ਭਾਸ਼ਾਵਾਂ ਵਿੱਚ ਅਨੁਵਾਦ ਹੋਣਾ ਸ਼ੁਰੂ ਹੋ ਗਿਆ|

ਜਿਸ ਦਾ ਸਿੱਟਾ ਹੀ ਸੀ ਜਦੋਂ 1785 ਈ. ਵਿੱਚ ਚਾਰਲਸ ਵਿਲਕਿਨਸ (Charles wilkins) ਨੇ ਭਗਵਤ ਗੀਤਾ ਦਾ ਅੰਗਰੇਜ਼ੀ ਵਿੱਚ ਅਨੁਵਾਦ ਕੀਤਾ, ਜਿਸ ਦੀ ਭੂਮਿਕਾ ਭਾਰਤੀ ਗਵਰਨਰ ਜਨਰਲ ਵਰਨਾ ਹੈਸਟਿੰਗਜ (Warren Hasting)ਨੇ ਲਿਖੀ ਅਤੇ ਭੂਮਿਕਾ ਵਿੱਚ ਉਸ ਨੇ ਯੂਰਪ ਦੀਆਂ ਮਹਾਨ ਕ੍ਰਿਤੀਆਂ ਨਾਲ ਇਸ ਦੀ ਤੁਲਨਾ ਕੀਤੀ ਹੈ। ਇਸ ਤੋਂ ਇਲਾਵਾ ਸਰ ਵਿਲੀਅਮ ਜੋਨਜ (Sir William Jones) ਨੇ ਕਾਲੀਦਾਸ ਦੇ ਅਭਿਗਿਆਨ ਸਕੁਨਤਲਮ ਦਾ 1789 ਵਿੱਚ ਅਨੁਵਾਦ ਕੀਤਾ। ਐਚ ਐਚ ਵਿਲਸਨ H. H. Wilson) ਨੇ 1806 ਈ. ਵਿੱਚ ਕਾਲੀਦਾਸ ਦੀ ਰਚਨਾਂ "ਮੇਘਦੂਤ" ਦਾ ਵੀ ਅੰਗਰੇਜ਼ੀ ਵਿੱਚ ਅਨੁਵਾਦ ਕੀਤਾ।

**ਅਧਿਐਨ ਦਾ ਸ਼ਾਬਦਿਕ ਅਰਥ ;-**

**ਇਸੇ ਪ੍ਰਕਾਰ ਅਧਿਐਨ ਦਾ ਵੀ ਸ਼ਾਬਦਿਕ ਅਰਥ ਵਿਚਾਰ ਕਰਨਾ, ਪੜਤਾਲ ਕਰਨੀ, ਜਾਣਕਾਰੀ ਪ੍ਰਾਪਤ ਕਰਨਾ ਅਤੇ ਘੋਖਣਾ ਆਦਿ ਤੋਂ ਲਿਆ ਜਾਂਦਾ ਹੈ |ਇਸ ਲਈ ਵੱਖ - ਵੱਖ ਵਿਦਵਾਨਾਂ ਦੇ ਵਿਚਾਰ ਸਾਡੇ ਸਾਮ੍ਹਣੇ ਆਉਂਦੇ ਹਨ :-**

ਇਸੇ ਪ੍ਰਕਾਰ "ਅਧਿਐਨ" ਦੇ ਸ਼ਾਬਦਿਕ ਅਰਥ ਹਨ – ਘੋਖਣਾ ,ਵਿਚਾਰਨਾ, ਜਾਚਣਾ, ਪੜਤਾਲ ਕਰਨਾ"।(7)

ਡਾ.ਵਿਨਯ ਕੁਮਾਰ ਪਾਠਕ ਅਨੁਸਾਰ, "ਪੜ੍ਹਨ ਦਾ ਨਿਰੰਤਰ ਕਾਰਜ ਅਧਿਐਨ ਅਖਵਾਉਂਦਾ ਹੈ ਜੋ ਗਿਆਨ ਦੇ ਵਿਕਾਸ ਦਾ ਮੁੱਖ ਸੋਮਾ ਹੈ।"(8)

ਅਧਿਐਨ (study) ਦੇ ਅਰਥ ਹਨ ---ਪੜ੍ਹਾਈ, ਪਾਠ, ਅਭਿਆਸ, ਘੋਖ (ਕਿਸੇ ਖਾਸ ਕਲਾ ਜਾਂ ਵਿੱਦਿਆ ਦਾ), ਅਧਿਐਨ ਵਿਸ਼ਾ, ਚਿੰਤਨ ਜਾਂ ਸਾਧਨਾਂ ਦੁਆਰਾ ਪ੍ਰਾਪਤ ਵਸਤੂ ਆਦਿ। (9)

ਇਸੇ ਤਰ੍ਹਾਂ "ਤੁਲਨਾਤਮਿਕ ਅਧਿਐਨ" ਦੇ ਅਰਥ ਹਨ – ਤੁਲਨਾ ਨੂੰ ਆਧਾਰ ਬਣਾ ਕੇ ਸਾਹਿਤਕ ਰਚਨਾਵਾਂ ਜਾਂ ਹੋਰ ਸਾਹਿਤਕ ਬਾਹਰੀ ਵਸਤੂਆਂ/ ਵਰਤਾਰਿਆਂ ਨੂੰ ਘੋਖਣਾ, ਪਰਖਣਾ, ਵਿਚਾਰਨਾ ਆਦਿ।

"ਅੰਗਰੇਜ਼ੀ ਭਾਸ਼ਾ ਵਿਚ "ਤੁਲਨਾਤਮਿਕ ਅਧਿਐਨ" ਦਾ ਸ਼ਾਬਦਿਕ ਰੂਪਾਂਤਰਣ (Comparative study)" ਕਮਪੈਰੇਟਿਵ ਸਟੱਡੀ " ਕੀਤਾ ਗਿਆ ਹੈ।


Copyright © | JET Network, All Rights Reserved

Journal of East-West Thought
ISSN: *2168-2259 (online)*
(*https://jetjournal.us/*)
Volume 15, Issue 1 – 2025

UGC CARE I

ਇਸੇ ਲਈ ਤੁਲਨਾਤਮਿਕ ਅਧਿਐਨ (Comparative study) ਦੇ ਅੰਤਰਗਤ ਤੁਲਨਾਯੋਗ ਸਾਹਿਤਕ ਰਚਨਾਵਾਂ, ਵਸਤੂਆਂ ਜਾਂ ਕਿਸੇ ਹੋਰ ਸਮੱਗਰੀ ਦਾ ਤੁਲਨਾ ਦੀ ਦ੍ਰਿਸ਼ਟੀ ਤੋਂ ਅਧਿਐਨ ਵਿਸ਼ਲੇਸ਼ਣ ਕਰਕੇ ਸਮਾਨਤਾਵਾਂ ਅਤੇ ਵੱਖਰਤਾਵਾਂ ਦਾ ਨਿਖੇੜਾ ਕਰਦਿਆਂ ਅੰਤਰ- ਸੰਵਾਦ ਦੀ ਨਿਸ਼ਾਨਦੇਹੀ ਹੀ ਨਹੀਂ ਕੀਤੀ ਜਾਂਦੀ ਸਗੋਂ ਸਮਾਨਤਾਵਾਂ ਅਤੇ ਵੱਖਰਤਾਵਾਂ ਨੂੰ ਨਿਰਧਾਰਤ ਕਰਨ ਵਾਲੀਆਂ ਸੰਭਾਵਨਾਵਾਂ ਨੂੰ ਰਜਿਸਟਰ ਵੀ ਕੀਤਾ ਜਾਂਦਾ ਹੈ। ਇਸ ਦਾ ਉਦੇਸ਼ ਸਿੱਖਿਆ ਸ਼ਾਸਤਰ ਤੁਲਨਾ ਵਿਧੀ ਦੀ ਵਰਤੋਂ ਕਰਕੇ ਵਿਦਿਅਕ ਸਮੱਸਿਆਵਾਂ ਨੂੰ ਉਭਾਰਨ ਅਤੇ ਹੱਲ ਕਰਨ ਦੀ ਕੋਸ਼ਿਸ਼ ਕਰਨ ਵਾਲਾ ਵਿਗਿਆਨ ਹੈ।ਇਹ ਗੁੰਝਲਦਾਰ ਢਾਂਚੇ ਨੂੰ ਖੋਜਣ, ਅਧਿਐਨ ਕਰਨ ਅਤੇ ਤੁਲਨਾ ਕਰਨ ਦੀ ਕੋਸ਼ਿਸ਼ ਕਰਦਾ ਹੈ,ਦੋ ਜਾਂ ਦੋ ਤੋਂ ਵੱਧ ਸ਼ਬਦਾਂ ਦੇ ਵਿਚਕਾਰ ਜਿਨ੍ਹਾਂ ਸੰਭਵ ਹੋ ਸਕੇ ਤੁਲਨਾ ਕਰਨਾ ਸ਼ਾਮਿਲ ਹੈ। ਇਸ ਦੇ ਦਾਇਰੇ ਵਿੱਚ ਸਮਾਜਿਕ ਜਾਂ ਸਭਿਆਚਾਰਿਕ ਵਰਤਾਰੇ, ਕਲਾਤਮਿਕ ਰਚਨਾਵਾਂ, ਲੇਖਕ,ਟੈਕਸਟ, ਸੰਕਲਪ – ਉਹਨਾਂ ਦੇ ਅੰਗਾਂ ਅਤੇ ਸਮਾਨਤਾਵਾਂ ਦਾ ਵਿਸ਼ਲੇਸ਼ਣ ਅਤੇ ਮੁਲਾਂਕਣ ਕਰਨ ਲਈ ਮੌਜੂਦਾ ਵਿਦਿਅਕ ਪ੍ਰਣਾਲੀ ਦੀ ਗੁਣਵੱਤਾ ਵਿੱਚ ਸੁਧਾਰ ਕਰਨਾ ਹੈ। ਇਸ ਦਾ ਉਦੇਸ਼ ਦੋ ਜਾਂ ਦੋ ਤੋਂ ਵੱਧ ਵਸਤੂਆਂ ਨੂੰ ਉਨ੍ਹਾਂ ਦੇ ਸੰਬੰਧਾਂ ਨੂੰ ਖੋਜਣ ਜਾਂ ਉਨ੍ਹਾਂ ਦੇ ਅੰਤਰਾਂ ਜਾਂ ਸਮਾਨਤਾਵਾਂ ਅਤੇ ਵਿਚਾਰ ਕਰਨ ਲਈ ਧਿਆਨ ਦੇਣਾ ਹੈ।

ਸੰਵੇਦਨਾ, ਭਾਵਨਾਵਾਂ ਦੇ ਸੰਬੰਧ ਵਿਚ

ਸਾਡੀਆਂ ਇਛਾਵਾਂ ਦੁਆਰਾ

ਸਾਡੇ ਗਿਆਨ ਦੁਆਰਾ

ਸੋ ਤੁਲਨਾਤਮਿਕ ਅਧਿਐਨ ਦੇ ਅਰਥ ਅਤੇ ਇਸ ਦੇ ਮੂਲ ਸੰਬੰਧੀ ਡੂੰਘੀ ਜਾਣਕਾਰੀ ਪ੍ਰਾਪਤ ਕਰਨ ਤੋਂ ਬਾਅਦ ਇਹ ਸਿੱਧ ਹੁੰਦਾ ਹੈ ਕਿ ਭਾਵੇਂ ਤੁਲਨਾ ਦੀ ਵਰਤੋਂ ਗਿਆਨ ਦੇ ਵੱਖ – ਵੱਖ ਖੇਤਰਾਂ ਵਿੱਚ ਵਿਗਿਆਨਕ ਅਨੁਸਾਸ਼ਨ ਦਾ ਅੰਗ ਬਣਾਉਣ ਦੀ ਗੱਲ ਪ੍ਰਾਚੀਨ ਅਧਿਐਨ ਕਰਜ਼ਾ ਵਿੱਚ ਤੁਲਨਾਤਮਿਕ ਅਧਿਐਨ ਇਕ ਤਰਫਾ ਸੀ, ਸਿਧਾਂਤਕ ਚੇਤਨਾ ਦੀ ਵੀ ਬਹੁਤ ਘਾਟ ਦਿਖਾਈ ਦੇਂਦੀ ਹੈ। ਅਸਲ ਵਿੱਚ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਇਸ ਨੂੰ ਸੁਤੰਤਰ ਵਿਸ਼ੇ ਵਜੋਂ ਸਥਾਪਿਤ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂ ਰਹੀਆਂ ਹਨ । ਉਸ ਸਮੇਂ ਤੋਂ ਹੀ ਵਿਦਵਾਨਾਂ ਨੇ ਇਸ ਦੇ ਮਹੱਤਵ ਨੂੰ ਦ੍ਰਿੜ ਕਰਨ ਡਾ ਯਤਨ ਕੀਤਾ, ਉੱਥੇ ਕੁਝ ਵਿਦਵਾਨਾਂ ਨੇ ਇਸ ਨੂੰ ਨਿਰਾਰਥਕ ਵੀ ਸਾਬਿਤ ਕਰਨ ਦੀਆਂ ਕੋਸ਼ਿਸ਼ਾਂ ਵੀ ਕੀਤੀਆਂ ਪ੍ਰੰਤੂ ਫਿਰ ਵੀ ਨਵੇਂ -ਨਵੇਂ ਤੱਥਾਂ ਦੀ ਭਾਲ ਅਤੇ ਮਾਨਵੀ ਗਿਆਨ ਵਿੱਚ ਵਾਧਾ ਕਰਨ ਲਈ ਤੁਲਨਾਤਮਿਕ ਅਧਿਐਨ ਵਧੇਰੇ ਸਹਾਈ ਸਾਬਿਤ ਹੋਇਆ ਕਿਉਂਕਿ ਤੁਲਨਾਤਮਿਕ ਅਧਿਐਨ ਦਾ ਮੁੱਖ ਉਦੇਸ਼ ਤੁਲਨਾ ਕਰਨਾ ਹੀ ਰਿਹਾ ਹੈ । ਤੁਲਨਾਤਮਿਕ ਅਧਿਐਨ ਨੂੰ ਹੋਰ ਵਧੀਆ ਤਰੀਕੇ ਨਾਲ ਅਤੇ ਚੰਗੀ ਤਰ੍ਹਾਂ ਸਮਝਣ ਲਈ ਸਹਿਤਕ ਵਿਗਿਆਨੀਆਂ ਦੁਆਰਾ ਦਿੱਤੇ ਵਿਚਾਰਾਂ ਨੂੰ ਜਾਣਣਾ ਵੀ ਉਚਿੱਤ ਹੋਵੇਗਾ।


Copyright © | JET Network, All Rights Reserved

Journal of East-West Thought
ISSN: 2168-2259 (online)
(https://jetjournal.us/)
Volume 15, Issue 1 – 2025



**ਹਵਾਲੇ ਅਤੇ ਟਿੱਪਣੀਆਂ:-**

---

1. (ਮਹਾਨ ਕੋਸ਼, ਭਾਈ ਕਾਨ ਸਿੰਘ ਨਾਭਾ, ਪਨਾ-598)

2. (ਪੰਜਾਬੀ ਕੋਸ਼, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ,1967- ਪੰਨਾ – 268)

3. (ਕਾਲਿਕਾ ਪ੍ਰਸਾਦ, ਰਾਜ ਵੱਲਬ ਸਹਾਯ, ਮੁਕੰਦ ਲਾਲ ਸ੍ਰੀਵਾਸਤ (ਸੰਪਾਂ.), ਬ੍ਰਹਮ ਹਿੰਦੀ ਕੋਸ਼, ਪੰਨਾ -486)

4. (ਰਾਮ ਚੰਦਰ ਵਰਮਾ (ਸੰਪਾਂ.)ਮਾਨਕ ਹਿੰਦੀ ਕੋਸ਼, ਪੰਨਾ -565)

5ए ;जैम वगवितक म्दहसपी क्पबजपवदंतलए टवस द्यद्यए चए 59द्ध

6. (ਕ. ਮ. ਗਰਗ, ਵਿਸ਼ਵ ਪ੍ਰਸਿੱਧ ਕੋਸਾਕਰ ਵੈਬਸਟਰ, ਪੰਨਾ – 95

7. (ਡਾ. ਬਲਵੀਰ ਸਿੰਘ, ਸੰਤ ਸਿੰਘ ਸੇਖੋਂ ਅਤੇ ਸੁਜਾਨ ਸਿੰਘ: ਤੁਲਨਾਤਮਕ ਸਮੀਖਿਆ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ,2012 -ਪੰਨਾ -16)

8. (डा.विनय कुमार पाठकएडाए जयश्री शुक्लए अनुसंधान प्रविधि और प्रकिया ए भावना प्रकाशनए दिल्ली -2005)

9. (ਅੰਗਰੇਜ਼ੀ -ਪੰਜਾਬੀ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ -1998 -ਪੰਨਾ -663)


Copyright © | JET Network, All Rights Reserved